ਪੰਜਾਬ ਸਰਕਾਰ ਦੇ ਘਰ-ਘਰ ਰੋਜਗਾਰ ਯੋਜਨਾ ਤਹਿਤ ਆਰੀਆਭੱਟ ਗਰੁੱਪ ਆਫ ਇੰਸਟੀਚਿਊਟਸ ਦੇ ਵੱਖ-ਵੱਖ ਕੋਰਸਾਂ ਦੇ ਬੀ ਟੈੱਕ, ਐੱਮ ਬੀ ਏ, ਬੀ ਬੀ ਏ, ਬੀ ਸੀ ਏ, ਬੀ ਏ, ਬੀ ਕਾਮ, ਬੀ ਐੱਸ ਸੀ (ਨਾਨ ਮੈਡੀਕਲ), ਬੀ ਐੱਸ ਸੀ (ਐਗਰੀਕਲਚਰ), ਐੱਮ ਸੀ (ਗਣਿਤ), ਐੱਮ ਕਾਮ, ਪੀ ਜੀ ਡੀ ਸੀ ਏ ਐੱਮ ਐੱਸ ਸੀ (ਆਈ ਟੀ) ਦੇ ਫਾਈਨਲ ਸਮੈਸਟਰ ਦੇ ਵਿਦਿਆਰਥੀਆਂ ਨੇ ਐਡੀਸਨਲ ਡਿਪਟੀ ਕਮਿਸਨਰ, ਬਰਨਾਲਾ ਦੁਆਰਾ ਸਥਾਪਿਤ ਕੀਤੇ ਗਏ ਜਿਲਾ ਰੁਜਗਾਰ ਅਤੇ ਉਦਯੋਗ ਬਿਊਰੋ ਦਾ ਦੌਰਾ ਕੀਤਾ। ਜਿਸ ਵਿਚ ਇਸ ਸੈੱਲ ਦੇ ਨੁਮਾਇੰਦਿਆ ਨੇ ਵਿਦਿਆਰਥੀਆਂ ਨੂੰ ਉਹਨਾਂ ਦੇ ਕੈਰੀਅਰ ਬਾਰੇ ਜਾਣੂ ਕਰਵਾਇਆ ਅਤੇ ਦੱਸਿਆ ਕਿ ਕਿਸ ਤਰਾਂ ਵਿਦਿਆਰਥੀ ਆਪਣੇ ਭਵਿੱਖ ਨੂੰ ਸੁਨਿਹਰਾ ਬਣਾ ਸਕਦੇ ਹਨ। ਇਸ ਮੌਕੇ ਤੇ ਵਿਦਿਆਰਥੀਆਂ ਨੇ ਪੰਜਾਬ ਸਰਕਾਰ ਦੇ ਘਰ-ਘਰ ਰੁਜਗਾਰ ਵੈੱਬ ਪੋਰਟਲ ਤੇ ਰਜਿਸਟਰੇਸਨ ਵੀ ਕਰਵਾਈ। ਇਸ ਮੌਕੇ ਤੇ ਕਾਲਜ ਦੇ ਕੈਂਪਸ ਡਾਇਰੈਕਟਰ ਡਾ ਅਜੇ ਕੁਮਾਰ ਮਿੱਤਲ ਜੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਚਲਾਈ ਗਈ ਮੁਹਿੰਮ ਜਿਸ ਵਿਚ ਵਿਦਿਆਰਥੀਆਂ ਨੂੰ ਉਹਨਾਂ ਦੇ ਭਵਿੱਖ ਬਾਰੇ ਜਾਣੂ ਕਰਵਾਉਣਾ ਅਤੇ ਘਰ-ਘਰ ਰੁਜਗਾਰ ਦੇਣਾ ਇੱਕ ਸਲਾਘਾਯੋਗ ਕੰਮ ਹੈ।

Director
Aryabhatta College
Vill Cheema-Jodhpur
Bazakhana Road,Barnala